# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ

(ਸਕੱਤਰ /ਹਾ.ਅ.ਕ.,ਗਨਦਥਪ ਬਠਿੰਡਾ ਅਧੀਨ ਮੁੱਖ ਇੰਜ./ਥਰਮਲ,ਗਹਥਪ,ਲਹਿਰਾ ਮੁਹੱਬਤ।)

## ਦੁਕਾਨ ਨੰਬਰ 1,4,5, 6 ਅਤੇ ਬੂਥ ਨੰਬਰ 2,3, 6 ,8 ਅਤੇ 11 ਦੀ ਬੋਲੀ ਸੰਬੰਧੀ ਨੋਟਿਸ

## ਨਿਲਾਮੀ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ। ਕਿ ਸ਼ਪਿੰਗ ਕੰਪਲੈਕਸ , ਥਰਮਲ ਕਲੋਨੀ ਬਠਿੰਡਾ ਵਿਖੇ ਦੁਕਾਨ ਨੰਬਰ 1,4,5,6 ਅਤੇ ਬੂਥ ਨੰਬਰ 02,03, 06, 08 ਅਤੇ 11 ਦੀ ਖੁੱਲੀ ਬੋਲੀ 11 ਮਹੀਨਿਆ ਦੇ ਲਾਈਸੈਂਸ ਅਧਾਰ ਤੇ ਮਿਤੀ 11.05.2021 ਨੂੰ ਸਵੇਰੇ 11 ਵਜੇ ਕਰਵਾਈ ਜਾਵੇਗੀ।

ਚਾਹਵਾਨ ਪਾਰਟੀਆਂ ਨੂੰ ਨਿਲਾਮੀ ਵਿੱਚ ਹਿੱਸਾ ਲੈਣ ਦਾ ਖੁੱਲਾ ਸੱਦਾ ਦਿੱਤਾ ਜਾਂਦਾ ਹੈ ਜੀ। ਹਰੇਕ ਦੁਕਾਨ ਲਈ ਰਾਖਵੀ ਬੋਲੀ ਰੁ: 10000/- ਸਮੇਤ ਜੀ ਐੱਸ ਟੀ ਅਤੇ ਬੂਥ ਲਈ ਰੁ: 6500/-ਸਮੇਤ ਜੀ ਐੱਸ ਟੀ ਰੱਖੀ ਗਈ ਹੈ। ਬੋਲੀ ਦੇਣ ਵਾਲੇ ਨੂੰ ਦੁਕਾਨ ਲਈ 12000/- ਰੁਪਏ ਪ੍ਰਤੀ ਦੁਕਾਨ ਬਿਆਨਾ ਰਕਮ ਵਜੋਂ ਜਮਾਂ ਕਰਵਾਉਣੇ ਪੈਣਗੇ। ਇਸ ਤਰ੍ਹਾਂ ਬੂਥ ਲਈ ਰੁ: 8000/- ਬਿਆਨਾ ਰਕਮ ਵੱਜੋ ਜਮਾਂ ਕਰਵਾਉਣੇ ਪੈਣਗੇ। ਸਾਰੇ ਅਸਫਲ ਬੋਲੀਕਾਰਾਂ ਨੂੰ ਨਿਲਾਮੀ ਤੋ ਬਾਅਦ ਬਿਆਨਾ ਰਕਮ ਵਾਪਿਸ ਕਰ ਦਿੱਤੀ ਜਾਵੇਗੀ। ਸਫਲ ਬੋਲੀਕਾਰ ਨੂੰ 6 ਮਹੀਨਿਆਂ ਦੀ ਲਾਈਸੈਂਸ ਫੀਸ ਦੇ ਬਰਾਬਰ ਰਕਮ ਬਤੌਰ ਸਕਿਉਰਿਟੀ 15 ਦਿਨਾਂ ਦੇ ਅੰਦਰ-ਅੰਦਰ ਜਮਾਂ ਕਰਵਾਉਣੀ ਪਵੇਗੀ। ਸਕਿਉਰਿਟੀ ਨਾ ਜਮਾਂ ਕਰਵਾਉਣ ਤੇ ਅਲਾਟਮੈਂਟ ਕੈਂਸਲ ਕਰ ਦਿੱਤੀ ਜਾਵੇਗੀ।ਇਹ ਦੁਕਾਨਾਂ ਤੇ ਬੂਥ ਨੂੰ ਹਲਵਾਈ,ਜਨਰਲ ਮਰਚੈਂਟਸ,ਕਰਿਆਨਾ ਸਟੋਰ, ਬੈਕਿੰਗ , ਕਲਾਥ ਮਰਚੈਂਟਸ, ਕੰਪਿਊਟਰ ਟਾਈਪਿੰਗ ਜਾਂ ਸੇਲ ਸ਼ਾਪ , ਡਰਾਈਕਲਨਿੰਗ , ਸਟੇਸ਼ਨਰੀ ਦੇ ਕੰਮ ਲਈ ਦਿੱਤਾ ਜਾਵੇਗਾ।

ਬੂਥ/ਦੁਕਾਨ ਨੂੰ ਲੈਣ ਦੇ ਚਾਹਵਾਨਾਂ ਦੇ ਹੱਕ ਵਿੱਚ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਨਿਲਾਮੀ ਤੋਂ ਪਹਿਲਾ ਬੂਥਾਂ ਅਤੇ ਦੁਕਾਨਾਂ ਨੂੰ ਵੇਖ ਲੈਣ। ਨਿਲਾਮੀ ਦੀਆਂ ਸ਼ਰਤਾਂ ਪੀ.ਐਸ.ਪੀ.ਸੀ.ਐਲ ਦੀ ਵੈਬਸਾਈਟ (www.pspcl.in) ਉੱਪਰ ਵੇਖੀਆਂ ਜਾ ਸਕਦੀਆਂ ਹਨ ਅਤੇ ਮੌਕੇ ਤੇ ਵੀ ਦੱਸ ਦਿੱਤੀਆਂ ਜਾਣਗੀਆਂ ਵਧੇਰੇ ਜਾਣਕਾਰੀ ਲਈ ਇਸ ਦਫਤਰ ਵਿੱਚ ਕਿਸੇ ਵੀ ਕੰਮ ਵਾਲੇ ਦਿਨ ਸੰਪਰਕ ਕੀਤਾ ਜਾ ਸਕਦਾ ਹੈ।

ਸਕੱਤਰ /ਹਾ.ਅ.ਕ.
ਗਨਦਥਪ ਬਠਿੰਡਾ
ਅਧੀਨ ਮੁੱਖ ਇੰਜ./ਥਰਮਲ, ਗਹਥਪ,ਲਹਿਰਾ ਮੁਹੱਬਤ।
ਮੋਬਾਇਲ ਨੰਬਰ: 96461-176[illegible]

Scanned by CamScanner

PSPCL Punjab State Power Corporation Limited

(Regd. Office:-PSEB, Head Office, The Mall Patiala - 147001)
Corporate Identity Number U40 109PB2010SGC033813
Website: www.pspcl.in

**Auction Notice**

1. **Short Description : Auction Notice for leasing of Shop no. 1,4,5,6 and Booth no.2,3,6,8 &11 on rent at Shopping Complex, GNDTP, Bathinda.**

2. **Date , Time and Place for auction: 11.05.2021 at 11.00 A.M at Shopping Complex , GNDTP, Bathinda.**

3. Detailed Conditions for auction can be downloaded from PSPCL website http://www.pspcl.in

**Note:** In case auction process is not completed due to any reason no corrigendum will be published in newspapers. Details regarding corrigendum may be seen on official website,.

Secy./HAC
GNDTP Bathinda
Under CE/Thermal, Lehra Mohabat

Scanned by CamScanner

**PSPCL** Punjab State Power Corporation Limited

(Regd. Office:-PSEB, Head Office, The Mall Patiala-147001)

Corporate Identity Number U40 109PB2010SGC033813
Website: www.pspcl.in

ਬੋਲੀ ਨੋਟਿਸ :

1) ਕੰਮ ਦਾ ਸੰਖੇਪ ਵਿਵਰਣ :- ਸ਼ਾਪਿੰਗ ਕੰਪਲੈਕਸ ਥਰਮਲ ਕਲੋਨੀ ਬਠਿੰਡਾ ਵਿਖੇ ਦੁਕਾਨ ਨੰ: 1,4,5,6 ਬੂਥ ਨੰ:2,3,6,8 ਅਤੇ 11 ਨੂੰ ਕਿਰਾਏ ਤੇ ਦੇਣ ਲਈ ਖੁੱਲੀ ਬੋਲੀ ਦਾ ਨੋਟਿਸ।

2) ਬੋਲੀ ਦੀ ਮਿਤੀ, ਸਮਾਂ ਅਤੇ ਸਥਾਨ :- 11.05.2021 ਸਵੇਰੇ 11.00 ਵਜੇ ਸ਼ਾਪਿੰਗ ਕੰਪਲੈਕਸ ਥਰਮਲ ਕਲੋਨੀ ਬਠਿੰਡਾ।

3) Detailed Conditions for auction can be downloaded from PSPCL website http://www.pspcl.in .

**Note:** In case auction process is not completed due to any reason, no corrigendum will be published in newspapers. Details regarding corrigendum may be seen on official website, .

27/04/2021

ਸਕੱਤਰ / ਹਾਊਸ ਅਲਾਂਟਮੈਂਟ ਕਮੇਟੀ
ਗਨਦਥਪ ਬਠਿੰਡਾ
ਅਧੀਨ ਮੁੱਖ ਇੰਜ ਗਹਥਪ,ਲਹਿਰਾ ਮੁਹੱਬਤ

Scanned by CamScanner

# ਦੁਕਾਨ/ਬੂਥ ਨੀਲਾਮੀ ਦੀਆਂ ਸ਼ਰਤਾਂ

1 ਦੁਕਾਨ/ਬੂਥ ਖੁਲੀ ਬੋਲੀ ਰਾਹੀਂ ਲਾਇਸੈਂਸ ਤੇ ਦਿੱਤੀ ਜਾਵੇਗੀ ਅਤੇ ਸਭ ਤੋਂ ਉਚੀ ਬੋਲੀ ਵਾਲੇ ਦੇ ਨਾਮ ਬੋਲੀ ਛੱਡੀ ਜਾਵੇਗੀ। ਦੁਕਾਨ/ਬੂਥ ਦਾ ਕਬਜ਼ਾ ਹਾਊਸ ਅਲਾਟਮੈਂਟ ਕਮੇਟੀ ਦੇ ਅਧਿਕਾਰੀ ਵਲੋਂ ਉਸੀ ਬੋਲੀ ਦੀ ਪ੍ਰਵਾਨਗੀ ਤੋਂ ਬਾਅਦ ਦਿੱਤਾ ਜਾਵੇਗਾ। ਹਾਊਸ ਅਲਾਟਮੈਂਟ ਕਮੇਟੀ ਦੇ ਅਧਿਕਾਰੀ ਨੂੰ ਕਿਸੇ ਬੋਲੀ ਨੂੰ ਬਗੈਰ ਵਜਾ ਦੱਸੇ ਰੱਦ ਕਰਨ ਦਾ ਅਧਿਕਾਰ ਹੋਵੇਗਾ।

2 ਹਰੇਕ ਦੁਕਾਨ ਲਈ ਰਾਖਵੀ ਬੋਲੀ ਰੁ: 10000/- ਸਮੇਤ ਜੀ ਐਸ ਟੀ ਅਤੇ ਬੂਥ ਲਈ ਰੁ: 6500/-ਸਮੇਤ ਜੀ ਐਸ ਟੀ ਰੱਖੀ ਗਈ ਹੈ। ਹਰ ਬੋਲੀ ਦਹਿੰਦਾ ਜ਼ੋ ਬੋਲੀ ਵਿੱਚ ਸ਼ਾਮਲ ਹੋਵੇਂਗਾ ਉਸ ਪਾਸੋਂ ਮੌਕੇ ਤੇ ਹੀ ਦੁਕਾਨ ਵਾਸਤੇ 12000/- ਰੁਪੈ ਪ੍ਰਤੀ ਦੁਕਾਨ ਅਤੇ ਬੂਥ ਲਈ 8000/- ਰੁਪੈ ਪ੍ਰਤੀ ਬੂਥ ਬਿਆਨਾ ਵਜੋਂ ਲਏ ਜਾਣਗੇ ਜ਼ੋਕਿ ਬੋਲੀ ਦੇ ਖਾਤਮੇ ਦੇ ਤੁਰੰਤ ਮਗਰੋਂ ਜਿਸ ਸ਼ਖਸ਼ ਦੇ ਨਾਮ ਬੋਲੀ ਟੁਟੇਗੀ ਨੂੰ ਛਡ ਕੇ ਬਾਕੀ ਸਭ ਨੂੰ ਜਮਾਂ ਕਰਵਾਈ ਗਈ ਬਿਆਨੇ ਦੀ ਰਕਮ ਵਾਪਸ ਕਰ ਦਿੱਤੀ ਜਾਵੇਗੀ। ਬੋਲੀ ਖਤਮ ਹੋਣ ਤੇ ਸਭ ਤੋਂ ਉਚੀ ਬੋਲੀ ਦਹਿੰਦਾ ਵਲੋਂ ਦੋ ਮਹੀਨੇ ਦੀ ਲਾਇਸੈਂਸ ਫੀਸ ਦੇ ਬਰਾਬਰ ਰਕਮ ਭਰਨੀ ਪਵੇਗੀ ਜਿਸ ਵਿਚ ਅਰਨੈਸਟ ਮਨੀ ਵਜੋਂ ਲਈ ਰਕਮ ਅਡਜੈਸਟ ਕਰ ਦਿੱਤੀ ਜਾਵੇਗੀ।

3 ਜਿਸ ਸਖਸ਼ ਦੇ ਨਾਮ ਆਖਰੀ ਬੋਲੀ ਛੱਡੀ ਜਾਵੇਗੀ ਉਹ ਸਖਸ਼ ਛੇ ਮਹੀਨੇ ਦੀ ਲਾਇਸੈਂਸ ਫੀਸ ਦੇ ਬਰਾਬਰ ਬਤੋਰ ਸਕਿਊਰਿਟੀ ਬੋਲੀ ਤੋਂ 15 ਦਿਨਾਂ ਦੇ ਅੰਦਰ ਅੰਦਰ ਜਮਾਂ ਕਰਵਾਉਣ ਦਾ ਪਾਬੰਦ ਹੋਵੇਗਾ। ਸ਼ਰਤ ਨੰ:2 ਅਨੁਸਾਰ ਲਈ ਗਈ ਰਕਮ ਸਕਿਊਰਿਟੀ ਵਿੱਚ ਸ਼ਾਮਲ ਕੀਤੀ ਜਾਵੇਗੀ। ਸਕਿਊਰਿਟੀ ਨਾ ਜਮਾਂ ਕਰਵਾਉਣ ਦੀ ਹਾਲਤ ਵਿੱਚ ਦੁਕਾਨ/ਬੂਥ ਦੀ ਅਲਾਟਮੈਂਟ ਕੈਂਸਲ ਕਰ ਦਿੱਤੀ ਜਾਵੇਗੀ। ਸਕਿਊਰਟੀ ਰਕਮ ਲੀਜ਼ ਹੋਲਡਰ ਨੂੰ ਦੁਕਾਨ/ਬੂਥ ਖਾਲੀ ਕਰਨ ਉਪਰੰਤ ਵਾਪਿਸ ਕੀਤੀ ਜਾਵੇਗੀ ਅਤੇ ਪੀਐਸਪੀਸੀਐਲ ਇਸ ਰਕਮ ਉਪਰ ਕੋਈ ਵਿਆਜ ਨਹੀਂ ਦੇਵੇਗਾ।

4 ਜਿਸ ਸਖਸ਼ ਦੀ ਸਭ ਤੋਂ ਉਚੀ ਬੋਲੀ ਹੋਵੇਗੀ ਉਹ ਬੋਲੀ ਅਤੇ ਸ਼ਰਤਾਂ ਦੀ ਪ੍ਰਵਾਨਗੀ ਤੋਂ ਬਾਅਦ ਸ਼ਰਤ ਨੰ:3 ਦੀ ਤੁਰੰਤ ਪਾਲਨਾ ਕਰਕੇ ਕਬਜ਼ਾ ਲੈਣ ਲਈ ਪਾਬੰਦ ਹੋਵੇਗਾ।

5 ਜੇਕਰ ਦੁਕਾਨਦਾਰ ਦੁਕਾਨ/ਬੂਥ ਦੀ ਲੀਜ਼ ਦਾ ਸਮਾਂ ਪੂਰਾ ਹੋਣ ਉਪਰੰਤ ਜੇਕਰ ਦੁਕਾਨਦਾਰ ਦੁਕਾਨ ਖਾਲੀ ਕਰਦਾ ਹੈ ਅਤੇ ਉਸ ਸਮੇਂ ਜੇਕਰ ਦੁਕਾਨਦਾਰ ਵੱਲ ਕੋਈ ਕਿਰਾਇਆ ਬਕਾਇਆ ਰਹਿੰਦਾ ਹੈ ਤਾਂ ਉਹ ਸਕਿਊਰਿਟੀ ਵਿੱਚ ਅਡਜਸਟ ਕਰ ਲਿਆ ਜਾਵੇਗਾ ਅਤੇ ਬਾਕੀ ਬਚੀ ਸਕਿਊਰਿਟੀ ਦੀ ਰਕਮ ਵਾਪਿਸ ਕਰ ਦਿੱਤੀ ਜਾਵੇਗੀ।

6 ਜੇਕਰ ਗਨਦਥਪ,ਬਠਿੰਡਾ ਸੰਸਥਾ ਨੂੰ ਕਿਸੇ ਨਿੱਜੀ ਵਰਤੋਂ ਲਈ ਦੁਕਾਨ/ਬੂਥ ਲੋੜੀਂਦੀ ਹੋਵੇਗੀ ਤਾਂ ਉਹ ਤਿੰਨ ਮਹੀਨੇ ਦਾ ਨੋਟਿਸ ਦੇ ਕੇ ਦੁਕਾਨ/ਬੂਥ ਖਾਲੀ ਕਰਵਾਏਗੀ।ਲਾਇਸੈਂਸੀ ਇਸਦਾ ਪਾਬੰਦ ਹੋਵੇਗਾ। ਇਸੇ ਤਰ੍ਹਾਂ ਜੇ ਕਿਸੇ ਦੁਕਾਨਦਾਰ ਵਲੋਂ ਦੁਕਾਨ/ਬੂਥ ਲੀਜ਼ ਪੀਰੀਅਡ ਖਤਮ ਹੋਣ ਤੋਂ ਪਹਿਲਾਂ ਖਾਲੀ ਕਰਨਾ ਹੋਵੇ ਤਾਂ ਉਹ ਤਿੰਨ ਮਹੀਨੇ ਦਾ ਅਡਵਾਂਸ ਲਿਖਤੀ ਨੋਟਿਸ ਦੇ ਕੇ ਛੱਡ ਸਕਦਾ ਹੈ।ਉਸ ਵੱਲ ਜੇ ਕੋਈ ਬਕਾਇਆ ਹੋਇਆ ਤਾਂ ਉਹ ਸਕਿਉਰਿਟੀ ਵਿੱਚ ਅਡਜਸਟ ਕਰ ਲਿਆ ਜਾਵੇਗਾ ਅਤੇ ਬਾਕੀ ਬਚੀ ਸਕਿਉਰਿਟੀ ਦੀ ਰਕਮ ਵਾਪਿਸ ਕਰ ਦਿੱਤੀ ਜਾਵੇਗੀ। ਪ੍ਰੰਤੂ ਜੇਕਰ ਉਹ ਲੀਜ਼ ਪੀਰੀਅਡ ਖਤਮ ਹੋਣ ਤੋਂ ਪਹਿਲਾਂ ਬਿਨਾਂ ਤਿੰਨ ਮਹੀਨੇ ਦਾ ਅਡਵਾਂਸ ਲਿਖਤੀ ਨੋਟਿਸ ਦਿੱਤੇ ਦੁਕਾਨ/ਬੂਥ ਖਾਲੀ ਕਰਦਾ ਹੈ ਅਤੇ ਉਸਦਾ ਬਕਾਇਆ ਕਿਰਾਇਆ ਜੇਕਰ ਕੋਈ ਹੋਵੇ ਤਾਂ ਉਹ ਉਸਦੀ ਸਕਿਓਰਿਟੀ ਵਿੱਚ ਅਡਜਸਟ ਕਰਕੇ ਬਾਕੀ ਬਚਦੀ ਸਕਿਉਰਟੀ ਜਬਤ ਕਰ ਲਈ ਜਾਵੇਗੀ।

7 ਲਾਇਸੈਂਸੀ ਦੁਕਾਨ/ਬੂਥ ਵਿੱਚ ਹਾਊਸ ਅਲਾਟਮੈਂਟ ਕਮੇਟੀ ਦੀ ਪੇਸ਼ਗੀ ਮੰਨਜੂਰੀ ਤੋਂ ਬਿਨਾਂ ਕਿਸੇ ਦੂਜੇ ਫਰੀਕ ਨੂੰ ਹਿੱਸੇਦਾਰ ਜਾਂ ਸ਼ਿਕਮੀ ਲਾਇਸੈਂਸੀ ਨਹੀਂ ਬਣਾ ਸਕਦਾ। ਜੇਕਰ ਕੋਈ ਅਜਿਹਾ ਕਰੇਗਾ ਤਾਂ

Scanned by CamScanner

ਲਾਇਸੈਂਸੀ ਦੇ ਲੀਜ਼ ਡੀਡ ਵਜੋਂ ਕੀਤਾ ਗਿਆ ਇਕਰਾਰਨਾਮਾ ਕੈਂਸਲ ਸਮਝਿਆ ਜਾਵੇਗਾ ਅਤੇ ਦੁਕਾਨ/ਬੂਥ ਖਾਲੀ ਕਰਵਾ ਲਈ ਜਾਵੇਗੀ। ਲਾਇਸੈਂਸੀ ਦੀ ਸਾਰੀ ਸਕਿਉਰਿਟੀ ਜਬਤ ਕਰ ਲਈ ਜਾਵੇਗੀ।

8 ਦੁਕਾਨ/ਬੂਥ ਦੀ ਉਪਰਲੀ ਛੱਤ ਗੁਰੂ ਨਾਨਕ ਦੇਵ ਥਰਮਲ ਪਲਾਂਟ ਸੰਸਥਾ ਦੇ ਕਬਜ਼ੇ ਵਿਚ ਹੋਵਗੀ ਲਾਇਸੈਂਸੀ ਇਸ ਨੂੰ ਆਪਣੀ ਵਰਤੋਂ ਵਿੱਚ ਨਹੀਂ ਲਿਆ ਸਕਦਾ।

9 ਲਾਇਸੈਂਸ ਫੀਸ ਹਰ ਮਹੀਨੇ ਦੀ 10 ਤਰੀਕ ਤੱਕ ਅਦਾ ਕਰਨੀ ਜ਼ਰੂਰੀ ਹੋਵੇਗੀ। ਇਸ ਤੋਂ ਮਗਰੋਂ ਲਾਇਸੈਂਸ ਫ਼ੀਸ ਦਾਖਲ ਕਰਨ ਦੀ ਸੂਰਤ ਵਿੱਚ 10% ਸਰਚਾਰਜ਼ ਲਗੇਗਾ ਅਤੇ ਲਾਇਸੈਂਸ ਫੀਸ ਸਰਚਾਰਜ ਸਮੇਤ ਅਗਲੇ ਮਹੀਨੇ ਦੀ ਲਾਇਸੈਂਸ ਫੀਸ ਨਾਲ ਮਿਥੀ ਹੋਈ ਤਰੀਕ ਤੇ ਭਰਨ ਦਾ ਪਾਬੰਦ ਹੋਵੇਗਾ। ਉਸ ਦਿਨ ਛੁੱਟੀ ਦੀ ਸੂਰਤ ਵਿੱਚ ਅਗਲੇ ਦਿਨ ਦਫ਼ਤਰ ਖੁਲਣ ਤੇ ਲਾਇਸੈਂਸ ਫੀਸ ਲਈ ਜਾਵੇਗੀ।ਜੇਕਰ ਕਿਰਾਏਦਾਰ ਵਲੋਂ ਲਗਾਤਾਰ ਤਿੰਨ ਮਹੀਨੇ ਕਿਰਾਇਆ ਨਹੀਂ ਦਿੱਤਾ ਜਾਂਦਾ ਤਾਂ ਉਸ ਨੂੰ ਇੱਕ ਮਹੀਨੇ ਦਾ ਨੋਟਿਸ ਦੇ ਕੇ ਉਸਦਾ ਇਕਰਾਰਨਾਮਾ ਰੱਦ ਕਰਨ ਦਾ ਅਤੇ ਦੁਕਾਨ/ਬੂਥ ਖਾਲੀ ਕਰਾਉਣ ਦਾ ਅਧਿਕਾਰ ਹਾ.ਅ.ਕ. ਪਾਸ ਹੋਵੇਗਾ।

10 ਲਾਇਸੈਂਸੀ ਦੁਕਾਨ/ਬੂਥ ਦੇ ਬਰਾਮਦੇ ਨੂੰ ਗਾਹਕਾਂ ਦੀ ਆਵਾਜਾਈ ਲਈ ਖਾਲੀ ਰਖੇਗਾ ਅਤੇ ਦੁਕਾਨ/ਬੂਥ ਦੇ ਹਿੱਸੇ ਵਜੋਂ ਨਹੀਂ ਵਰਤੇਗਾ।

11 ਬੋਲੀ ਦੀ ਪ੍ਰਵਾਨਗੀ ਤੋਂ ਮਗਰੋਂ ਦੁਕਾਨ/ਬੂਥ ਦਾ ਕਬਜਾ ਦੁਕਾਨਦਾਰ ਵਲੋਂ ਨਾ ਲੈਣ ਦੀ ਸੂਰਤ ਵਿੱਚ ਬੋਲੀ ਦਹਿੰਦਾ ਵਜੋਂ ਜਮਾਂ ਕਰਾਈ ਗਈ ਸਕਿਉਰਿਟੀ ਰਕਮ ਜਬਤ ਕਰਨ ਦਾ ਹਾਊਸ ਅਲਾਟਮੈਂਟ ਕਮੇਟੀ ਨੂੰ ਅਧਿਕਾਰ ਹੋਵੇਗਾ।

12 ਦੁਕਾਨ/ਬੂਥ ਕਬਜ਼ਾ ਸੰਭਾਲਣ ਦੀ ਮਿਤੀ ਤੋਂ ਉਪਰੋਕਤ ਸਮੇਂ ਲਈ ਲੀਜ਼ ਤੇ ਦਿੱਤੀ ਜਾਵੇਗੀ। ਮਿਆਦ ਪੂਰੀ ਹੋਣ ਤੇ ਲਾਇਸੈਂਸੀ ਦੁਕਾਨ/ਬੂਥ ਖਾਲੀ ਕਰਕੇ ਗਨਦਥਪ,ਸੰਸਥਾ ਦੇ ਹਵਾਲੇ ਕਰਨ ਦਾ ਪਾਬੰਦ ਹੋਵੇਗਾ। ਉਪਰੋਕਤ ਮਿਆਦ ਪੂਰੀ ਹੋਣ ਤੇ ਅਗਰ ਲਾਇਸੈਂਸੀ ਦੁਕਾਨ/ਬੂਥ ਨੂੰ ਅੱਗੇ ਵਾਸਤੇ ਰੱਖਣਾ ਚਾਹੁੰਦਾ ਹੋਵੇ ਤਾਂ ਹਾ:ਅ:ਕ:ਨੂੰ ਮਿਆਦ ਪੂਰੀ ਹੋਣ ਤੋਂ ਤਿੰਨ ਮਹੀਨੇ ਪਹਿਲਾਂ ਆਪਣੀ ਸਹਿਮਤੀ ਲਿਖ ਕੇ ਦੇਵੇਗਾ। ਹਾ:ਅ:ਕ:ਇਸ ਸਹਿਮਤੀ ਤੇ ਵਿਚਾਰ ਕਰਕੇ ਅਤੇ ਪਬਲਿਕ ਪ੍ਰਾਪਰਟੀ ਵਾਂਗ ਲਾਇਸੈਂਸ ਫੀਸ ਵਧਾ ਕੇ ਅਗਲੇ ਤਿੰਨ ਸਾਲ ਵਾਸਤੇ ਨਵਾਂ ਐਗਰੀਮੈਂਟ ਕਰ ਸਕਦੀ ਹੈ।

13 ਜਿਸ ਦੁਕਾਨ/ਬੂਥ ਦੀ ਲਾਇਸੈਂਸ ਫੀਸ 300/- ਰੁ:ਤੋਂ ਵੱਧ ਹੋਵੇਗੀ ਉਸ ਸਬੰਧੀ ਬੋਲੀ ਦਹਿੰਦਾ ਕਬਜਾ ਸੰਭਾਲਣ ਤੋਂ ਪਹਿਲਾਂ ਜਮਾਨਤ ਵਜੋਂ ਜਾਇਦਾਦ ਦਾ ਜਾਮਨੀ ਬਾਂਡ ਆਪਣੇ ਖਰਚੇ ਤੇ ਦੇਵੇਗਾ।

14 ਲਾਇਸੈਂਸੀ ਨੂੰ ਜਿਸ ਹਾਲਤ ਵਿੱਚ ਦੁਕਾਨ/ਬੂਥ ਦਿੱਤੀ ਜਾਵੇਗੀ ਉਹ ਦੁਕਾਨ/ਬੂਥ ਨੂੰ ਉਸੇ ਹਾਲਤ ਵਿਚ ਰੱਖਣ ਦਾ ਪਾਬੰਦ ਹੋਵੇਗਾ। ਜਿਸ ਵਿੱਚ ਕੋਈ ਵਾਧਾ/ਘਾਟਾ ਨਹੀਂ ਕਰੇਗਾ ਅਤੇ ਦੁਕਾਨ/ਬੂਥ ਨੂੰ ਠੀਕ ਹਾਲਤ ਵਿੱਚ ਰੱਖਣ ਲਈ ਉਸਦੀ ਮੁਰੰਮਤ ਆਦਿ ਕਰਾਉਣ ਦਾ ਪਾਬੰਦ ਹੋਵੇਗਾ। ਦੁਕਾਨ/ਬੂਥ ਦੀ ਉਸਾਰੀ ਵਿੱਚ ਕੋਈ ਨੁਕਸ ਹੋਣ ਕਾਰਨ ਜੇਕਰ ਕਿਸੇ ਵੱਡੀ ਮੁਰੰਮਤ ਦੀ ਲੋੜ ਪੈਂਦੀ ਹੈ ਤਾਂ ਗਨਦਥਪ,ਸੰਸਥਾ ਕਰਵਾਏਗੀ। ਲਾਇਸੈਂਸੀ ਗਨਦਥਪ,ਸੰਸਥਾ ਦੀ ਪੇਸ਼ਗੀ ਮੰਨਜ਼ੂਰੀ ਤੋਂ ਬਿਨ੍ਹਾਂ ਦੁਕਾਨ/ਬੂਥ ਵਿੱਚ ਦਰਵਾਜਾ/ਖਿੜਕੀ/ਦੀਵਾਰ ਆਦਿ ਨਹੀਂ ਕੱਢ ਸਕਦਾ।

15 ਲਾਇਸੈਂਸੀ ਦੁਕਾਨ/ਬੂਥ ਦੀ ਵਰਤੋਂ ਸਿਰਫ ਉਸੇ ਕੰਮ ਲਈ ਕਰੇਗਾ ਜਿਸ ਵਾਸਤੇ ਉਸਨੂੰ ਦੁਕਾਨ ਅਲਾਟ ਕੀਤੀ ਗਈ ਹੈ।

16 ਲਾਇਸੈਂਸੀ ਮਾਰਕਿਟ ਵਿੱਚ ਕਿਸੇ ਕਿਸਮ ਦੀ ਪਬਲਿਕ ਨਿਊਸੈਂਸ ਪੈਦਾ ਨਹੀਂ ਕਰੇਗਾ।

17 ਲਾਇਸੈਂਸੀ ਆਪਣੀ ਦੁਕਾਨ/ਬੂਥ ਵਿੱਚ ਕੋਈ ਨਕਲੀ ਅਤੇ ਮਿਲਾਵਟੀ ਸਮਾਨ ਨਹੀਂ ਵੇਚੇਗਾ ਚੀਜ਼ਾਂ ਦੇ ਭਾਅ ਮਾਰਕਿਟ ਅਨੁਸਾਰ ਰੱਖੇਗਾ ਤੇ ਅਲਾਟਮੈਂਟ ਪੱਤਰ ਦੀ ਪਾਲਣਾ ਕਰੇਗਾ।

Scanned by CamScanner

18 ਜੇਕਰ ਦੁਕਾਨ/ਬੂਥ ਵਿੱਚ ਕੋਈ ਵੀ ਗੈਰ ਕਾਨੂੰਨੀ ਗਤਿਵਿਧੀ ਹੁੰਦੀ ਹੈ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਲਾਈਸੈਂਸੀ ਦੀ ਹੋਵੇਗੀ ਅਤੇ ਉਸ ਵਿਰੁੱਧ ਕਾਨੂੰਨੀ ਅਤੇ ਪੁਲਿਸ ਕਾਰਵਾਈ ਕੀਤੀ ਜਾਵੇਗੀ।

19 ਦੁਕਾਨਦਾਰ ਨੂੰ ਆਪਣੇ ਕੰਮ ਵਾਸਤੇ ਲੋੜੀਂਦੇ ਪ੍ਰਬੰਧਾਂ ਲਈ ਅਗਰ ਕੋਈ ਤੋੜ੍ਹ-ਭੰਨ ਕਰਨ ਦੀ ਜ਼ਰੂਰਤ ਪੈਂਦੀ ਹੈ ਤਾਂ ਦੁਕਾਨਦਾਰ ਇਹ ਖਰਚਾ ਆਪਣੇ ਪੱਧਰ ਤੇ ਕਰੇਗਾ। ਦੁਕਾਨ/ਬੂਥ ਖਾਲੀ ਕਰਨ ਸਮੇਂ ਦੁਕਾਨ/ਬੂਥ ਨੂੰ ਪਹਿਲਾਂ ਵਾਲੀ ਸਥਿਤੀ ਵਿੱਚ ਕਰਨ ਲਈ ਪਾਬੰਦ ਹੋਵੇਗਾ ਨਹੀਂ ਤਾਂ ਇਹ ਮੁਰੰਮਤ ਮਹਿਕਮੇ ਵਲੋਂ ਕਰਵਾਈ ਜਾਵੇਗੀ ਅਤੇ ਸਕਿਉਰਿਟੀ ਜਬਤ ਕਰ ਲਈ ਜਾਵੇਗੀ।

20 ਉਪਰੋਕਤ ਦਰਜ਼ ਸ਼ਰਤਾਂ ਵਿਚੋ ਕਿਸੇ ਇੱਕ ਵੀ ਸ਼ਰਤ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਗਨਦਬਪ,ਸੰਸਥਾ ਨੂੰ ਦੁਕਾਨ/ਬੂਥ ਖਾਲੀ ਕਰਵਾ ਲੈਣ ਦਾ ਹੱਕ ਹੋਵੇਗਾ ਅਤੇ ਲਾਇਸੈਂਸੀ ਵਲੋ ਜਮਾਂ ਕਰਵਾਈ ਗਈ ਰਕਮ ਸਕਿਉਰਿਟੀ ਜਬਤ ਕਰ ਲਈ ਜਾਵੇਗੀ ਜਿਸ ਤੇ ਲਾਇਸੈਂਸੀ ਦਾ ਕੋਈ ਉਜਰ ਨਹੀਂ ਮੰਨਿਆ ਜਾਵੇਗਾ।

21 ਲਾਇਸੈਂਸੀ ਆਪਣੇ ਖਰਚੇ ਤੇ ਇੱਕ ਤਸਦੀਕ ਸ਼ੁਦਾ ਜਮਾਨਤ ਪੇਸ਼ ਕਰੇਗਾ ਅਤੇ ਉਸ ਵਿਚ ਦਰਸ਼ਾਈ ਜਾਇਦਾਦ ਦੀ ਮਾਲਕੀ ਦੇ ਸਬੂਤ ਦੀ ਤਸਦੀਕ ਸ਼ੁਦਾ ਫੋਟੋ ਕਾਪੀ ਪੇਸ਼ ਕਰੇਗਾ।

22 ਜੀ.ਐਸ.ਟੀ. ਲਾਇਸੈਂਸੀ ਵਲੋਂ ਅਦਾ ਕੀਤਾ ਜਾਵੇਗਾ।

23 ਗਨਦਬਪ,ਬਠਿੰਡਾ ਸੰਸਥਾ ਦੀ ਕਿਰਾਏਦਾਰ ਵਲੋਂ ਦੁਕਾਨ/ ਬੂਥ ਵਿਚ ਰੱਖੇ ਸਮਾਨ ਨੂੰ ਬਿਜਲੀ ਦੇ ਸ਼ਾਰਟ ਸਰਕਟ, ਅੱਗ ਲੱਗਣ, ਹੜਤਾਲ, ਕਿਸੇ ਤਰ੍ਹਾਂ ਦੇ ਲੜਾਈ ਝਗੜੇ, ਕੁਦਰਤੀ ਆਫਤਾਂ ਜਿਵੇਂ ਕਿ ਹੜ੍ਹ ਅਤੇ ਭੁਚਾਲ ਆਦਿ ਆਉਣ ਕਾਰਨ ਹੋਏ ਨੁਕਸਾਨ ਦੀ ਜ਼ਿਮੇਵਾਰੀ ਨਹੀਂ ਹੋਵੇਗੀ।

24 ਬੋਲੀਕਾਰ ਵਲੋਂ ਵਰਤੀ ਗਈ ਬਿਜਲੀ ਦਾ ਖਰਚਾ ਸਬੰਧਤ ਉਪ ਮੰਡਲ/ਵੰਡ ਨੂੰ ਬੋਰਡ ਦੇ ਨਿਰਧਾਰਤ ਟੇਰਿਫ ਦੇ ਮੁਤਾਬਿਕ ਅਦਾ ਕਰਨਾ ਪਵੇਗਾ। ਦੁਕਾਨਦਾਰ ਹਰ ਦੋ ਮਹੀਨੇ ਬਾਅਦ ਬਿਜਲੀ ਦੇ ਬਿੱਲ ਦੇ ਭੁਗਤਾਨ ਦੇ ਸਬੂਤ ਵਜੋਂ ਉਸ ਦੀ ਰਸੀਦ ਇਸ ਦਫਤਰ ਵਿੱਚ ਜਮ੍ਹਾਂ ਕਰਵਾਏਗਾ।

25 ਜੇਕਰ ਰਾਜ/ਕੇਂਦਰ ਵਲੋਂ ਕੋਈ ਹੋਰ ਟੈਕਸ ਲੱਗਦਾ ਹੈ ਤਾਂ ਉਹ ਲਾਇਸੈਂਸੀ ਵਲੋਂ ਅਦਾ ਕਰਨਯੋਗ ਹੈ ਅਤੇ ਉਹ ਲਾਇਸੈਂਸ ਫੀਸ ਤੋਂ ਵੱਖਰਾ ਹੋਵੇਗਾ।

ਸਕੱਤਰ/ਹਾ.ਅ.ਕ.,
ਗਨਦਬਪ,ਬਠਿੰਡਾ

Scanned by CamScanner